ਬੱਚਿਆਂ ਲਈ ਬਾਈਬਲ
ਉਪੱਸਥਿਤ



# ਇੱਕ ਸੁੰਦਰ ਰਾਣੀ ਅਸਤਰ

ਦੁਆਰਾ ਲਿਖਿਆ ਗਿਆ : Edward Hughes

ਦੁਆਰਾ ਦਿੱਤੀਆਂ ਗਈਆਂ ਉਦਾਹਰਣਾਂ : Janie Forest
Alastair Paterson
ਦੁਆਰਾ ਬਦਲਿਆ ਗਿਆ : Ruth Klassen

ਦੁਆਰਾ ਕੀਤਾ ਗਿਆ ਅਨੁਵਾਦ : Rev. Tasveer ull haque

ਦੁਆਰਾ ਬਣਾਇਆ ਗਿਆ : Bible for Children
www.M1914.org

©2020 Bible for Children, Inc.
ਆਗਿਆ ਦੇਣ.ੀ : ਜਦ ਤੱਕ ਤੁਸੀ ਇਸ ਨੂੰ ਵੇਚਦੇ ਨਹੀ ਤਦ ਤੱਕ ਤੁਹਾਨੂੰ ਅਧਿਕਾਰ ਹੈ ਕਿ ਤੁਸੀ ਇਸ ਕਹਾਣੀ ਨੂੰ ਛਾਪ ਸਕੋ ਜਾ ਇਸ ਦੀ ਨਕਲ ਉਤਾਰ ਸਕੋ।

ਇੱਕ ਵਾਰ ਇੱਕ ਸੁੰਦਰ ਲੜਕੀ ਜਿਸ ਦਾ ਨਾਂ ਅਸਤਰ ਸੀ। ਜਦ ਉਸਦੇ ਮਾਤਾ ਪਿਤਾ ਮਰ ਗਏ, ਅਸਤਰ ਦੇ ਚਾਚੇ ਨੇਂ ਉਸਨੂੰ ਪਾਲਿਆ। ਅਸਤਰ ਨੇਂ ਆਪਣੇ ਚਾਚੇ ਦੀ ਆਗਿਆ ਪਾਲਣਾ ਦੁਆਰਾ ਅਤੇ ਇੱਕ ਅੱਛੀ ਬੇਟੀ ਬਣ ਕੇ ਇੱਜਤ ਦਿੱਤੀ।





ਅਸਤਰ ਪਾਰਸੀਆਂ ਵਿੱਚ ਰਹਿੰਦੀ ਸੀਂ। ਪਰ ਅਸਤਰ ਪਰਸੀਅਨ ਨਹੀਂ ਸੀਂ। ਉਹ ਯਹੂਦੀ ਸੀਂ। ਲੜਾਈ ਦੇ ਵੇਲੇ ਉਸਦੇ ਬਜ਼ੁਰਗ ਬੰਦੀ ਦੇ ਤੋਰ ਤੇ ਪਰਸੀਆ ਨੂੰ ਆਏ ਸਨ। ਅਸਤਰ ਦੇ ਦਿਨਾਂ ਵਿੱਚ ਬਹੁਤ ਸਾਰੇ ਯਹੁਦੀ ਪਰਸੀਆ ਵਿੱਚ ਰਹਿੰਦੇ ਸਨ।



ਪਰਸੀਆ ਦੇ ਬਾਦਸ਼ਾਹ ਨੇਂ ਇੱਕ ਬਹੁਤ
ਵੱਡਾ ਮਹਾ ਭੋਜ
ਸੰਸਾਰ ਦੇ ਰਾਜ
ਕੁਮਾਰਾਂ ਲਈ
ਕੀਤਾ। ਔਰਤਾਂ
ਨੂੰ ਛੱਡ ਕੇ ਉਹਨਾਂ
ਮਨੁੱਖਾਂ ਨੇਂ ਵੀ
ਖਾਦਾ ਜਿਹੜੇ
ਰਾਣੀ ਵਸ਼ਤੀ
ਨਾਲ ਮਹਾਂ ਭੋਜ
ਕਰਦੇ ਸੀਂ।



ਸ਼ਰਾਬੀ ਪਾਤਸ਼ਾਹ ਨੇ ਰਾਣੀ ਵਸ਼ਤੀ ਨੂੰ ਸ਼ਾਹੀ ਤਾਜ ਪਾਕੇ ਆਪਣੀ ਸੁੰਦਰਤਾ ਵਿਖਾਉਣ ਦੀ ਆਗਿਆ ਦਿੱਤੀ। ਰਾਣੀ ਵਸ਼ਤੀ ਨੇਂ ਮਨਾਂ ਕਰ ਦਿੱਤਾ।

ਇਹ
ਵਿਖਾਉਣ ਲਈ
ਕੀ ਪਤਨੀਆਂ ਨੂੰ
ਆਪਣੇ ਪਤੀਆਂ ਦਾ
ਆਦਰ ਕਰਨਾ ਚਾਹੀਦਾ ਹੈ,
ਬਾਦਸ਼ਾਹ ਨੇਂ ਇੱਕ ਕਾਨੂੰਨ
ਪਾਸ ਕੀਤਾ ਜਿਸਨੇਂ ਰਾਣੀ
ਤੋਂ ਤਾਜ ਲੈ ਲਿਆ। ਉਹ
ਅੱਗੇ ਤੋਂ ਰਾਣੀ ਨਹੀਂ ਸੀਂ।



ਨਵੀਂ ਰਾਣੀ
ਲਈ ਭਾਲ ਕੀਤੀ
ਗਈ। ਪਾਤਸ਼ਾਹਤ
ਦੀਆਂ ਸਾਰੀਆਂ
ਸੁੰਦਰ ਲੜਕੀਆਂ ਵਿੱਚੋਂ,
ਬਾਦਸ਼ਾਹ ਨੇਂ ਅਸਤਰ ਨੂੰ
ਆਪਣੀ ਪਤਨੀ ਹੋਣ ਲਈ
ਚੁਣ ਲਿਆ। ਉਸਨੇ ਸ਼ਾਹੀ
ਤਾਜ ਉਸਦੇ ਸਿਰ
ਉੱਤੇ ਰੱਖ ਦਿੱਤਾ।



ਅਸਤਰ ਨੇਂ
ਬਾਦਸ਼ਾਹ ਨੂੰ
ਆਪਣੇ ਯਹੂਦੀ
ਹੋਣ ਬਾਰੇ ਨਾਂ ਦੱਸਿਆ
ਕਿਉਂਕਿ ਉਸਦੇ ਚਾਚੇ
ਨੇਂ ਉਸਨੂੰ ਇਹ ਕਰਨ
ਤੋਂ ਮਨਾਂ ਕੀਤਾ ਸੀਂ।



ਅਸਤਰ ਦੀ ਖਬਰ ਲੈਣ
ਲਈ ਉਸਦਾ ਚਾਚਾ
ਮਾਰਦਕਈ ਮਹਿਲ



ਦੇ ਗੇਟ ਤੇ ਸਮਾਂ
ਬਿਤਾਉਦਾ ਸੀਂ। ਇੱਕ
ਦਿਨ ਉਸਨੇ ਸੁਣਿਆ
ਮਹਿਲ ਦੇ ਦੋ ਨੋਕਰ
ਬਾਦਸ਼ਾਹ ਨੂੰ ਮਾਰਨ ਦੀ
ਯੋਜਨਾ ਬਣਾ ਰਹੇ ਸਨ।
ਮਾਰਦਕਈ ਨੇਂ ਚੇਤਾਵਨੀ
ਭੇਜੀ ਜਿਸ ਨਾਲ ਬਾਦਸ਼ਾਹ
ਦੀ ਜਾਨ ਬਚ ਗਈ।



ਨੋਕਰਾਂ ਨੂੰ ਫਾਂਸੀ ਦਿੱਤੀ ਗਈ, ਅਤੇ ਮਾਰਦਕਈ ਦਾ ਨਾਂ ਬਾਦਸ਼ਾਹ ਦੇ ਇਤਿਹਾਸ ਦੀ ਪੋਥੀ ਵਿੱਚ ਲਿਖਿਆ ਗਿਆ।

ਦੂਸਰੀ ਆਗਿਆ ਬਾਦਸ਼ਾਹ ਦੀ ਸੀਂ ਕੀ ਅਮੀਰ ਆਦਮੀ ਹਾਮਾਨ ਨੂੰ ਬੁਲਾਇਆ ਜਾਵੇ। ਜਦ ਹਾਮਾਨ ਗੁਜਰਿਆ ਤਾਂ ਸਾਰੇ ਝੁਕ ਗਏ।



ਸਾਰੇ, ਇੱਕ ਮਨੁੱਖ ਨੂੰ ਛੱਡ ਕੇ।
ਜਿਹੜਾ ਇੱਕ ਯਹੂਦੀ, ਮਾਰਦਕਈ
ਸਿਰਫ ਜ਼ਿੰਦਾ ਪਰਮੇਸ਼ਵਰ ਦੀ
ਉਪਾਸਨਾ ਕਰਦਾ ਸੀਂ।



ਹਾਮਾਨ ਮਰਿਦਕਈ ਤੋਂ ਬਹੁਤ ਨਫਰਤ ਕਰਦਾ ਸੀਂ।
ਉਸਨੇਂ ਉਸਨੂੰ ਮਾਰਨ ਦੀ ਯੋਜਨਾ ਬਣਾਈ ਅਤੇ ਸਾਰੇ
ਯਹੂਦੀਆਂ ਨੂੰ ਜਿਹੜੇ ਪਰਸੀਆ
ਵਿੱਚ ਰਹਿੰਦੇ ਸਨ। ਇਹ
ਕਿੰਨਾ ਭਿਆਨਕ ਸੀ!



ਦੁਸ਼ਟ ਹਾਮਾਨ ਨੇਂ ਧੋਖੇ ਨਾਲ ਬਾਦਸ਼ਾਹ ਤੋ ਕਾਨੂੰਨ ਤੇ ਮੋਹਰ ਲੈ ਲਈ ਕੀ ਕੁਝ ਸਮੇਂ ਵਿੱਚ ਹਰ ਯਹੂਦੀ ਜਿਹੜਾ ਪਾਤਸ਼ਾਹੀ ਵਿੱਚ
ਰਹਿੰਦਾ ਹੈ ਮਾਰਿਆ
ਜਾਵੇਗਾ।





ਇਹ ਇੱਕ
ਭਿਆਨਕ ਕਾਨੂੰਨ
ਸੀਂ। ਯਹੂਦੀ ਅਤੇ
ਪਰਸੀਅਨ ਦੋਨਾਂ ਨੇ ਮਾਤਮ
ਮਨਾਇਆ। ਪਰ ਯਾਦ ਰੱਖੀਏ
– ਪਰਮੇਸ਼ਵਰ ਨੇਂ ਅਸਤਰ ਨੂੰ
ਰਾਣੀ ਬਣਾਇਆ ਸੀਂ। ਅਤੇ
ਉਹ ਯਹੂਦੀ ਸੀ।



ਕੀ ਉਹ
ਆਪਣਾ ਭੇਦ
ਬਾਦਸ਼ਾਹ ਤੋਂ
ਛੁਪਾਵੇਗੀ? ਜਾਂ ਉਹ
ਆਪਣੇ ਲੋਕਾਂ ਦੀ ਜਾਨ
ਬਚਾਉਣ ਲਈ ਆਪਣੀ
ਜਾਨ ਦਾ ਜੋਖਿਮ
ਉਠਾਵੇਗੀ?

ਪਰਮੇਸ਼ਵਰ ਨੇਂ ਅਸਤਰ ਨੂੰ ਸਿਆਣੀ ਯੋਜਨਾ ਦੱਸੀ। ਉਸਨੇ ਬਾਦਸ਼ਾਹ ਅਤੇ ਹਾਮਾਨ ਨੂੰ ਦਾਵਤ ਤੇ ਸੱਦਿਆ। ਉੱਥੇ ਬਾਦਸ਼ਾਹ ਨੇਂ ਉਸਨੂੰ ਜੋ ਕੁਝ ਵੀ ਉਹ ਮੰਗੇਗੀ ਦੇਣ ਦਾ ਵਾਇਦਾ ਕੀਤਾ।



"ਬਾਦਸ਼ਾਹ ਅਤੇ ਹਾਮਾਨ ਦਾਵਤ ਲਈ ਕੱਲ ਫਿਰ ਆਉਣ," ਅਸਤਰ ਨੇਂ ਜਵਾਬ ਦਿੱਤਾ। ਤਦ ਉਹ ਬਾਦਸ਼ਾਹ ਨੂੰ ਦੱਸੇਗੀ ਉਸਨੂੰ ਕੀ ਚਾਹੀਦਾ ਹੈ।



ਤਦ ਤੱਕ, ਹਾਮਾਨ ਨੇਂ ਮਾਰਦਕਈ ਨੂੰ ਲਟਕਾਉਣ ਲਈ ਇੱਕ ਵੱਡਾ ਖੰਭਾ ਤਿਆਰ ਕਰ ਲਿਆ।



ਉਸ ਰਾਤ ਬਾਦਸ਼ਾਹ ਸੌਂ ਨਹੀਂ ਪਾਇਆ। ਇਤਿਹਾਸ
ਦੀ ਪੋਥੀ ਪੜ੍ਹਨ ਦੇ ਬਾਅਦ ਉਸ
ਨੇਂ ਵੇਖਿਆ ਕੀ ਮਾਰਦਕਈ ਨੂੰ
ਉਸਦੀ ਜਾਨ ਬਚਾਉਣ ਲਈ
ਨਵਾਜਿਆ ਨਹੀਂ
ਗਿਆ ਸੀ।



ਅਗਲੀ ਸਵੇਰ ਬਾਦਸ਼ਾਹ ਨੇਂ ਹਾਮਾਨ ਨੂੰ ਆਖਿਆ,
“ਜਿਸ ਮਨੁੱਖ ਨੂੰ ਬਾਦਸ਼ਾਹ ਖੁੱਸ਼ੀ
ਨਾਲ ਇੱਜਤ ਦੇਣੀ ਚਾਹੇ
ਉਹ ਦੇ ਲਈ ਕੀ ਕੀਤਾ
ਜਾਵੇ?” ਹਾਮਾਨ
ਖੁੱਸ਼ ਹੋਇਆ।





ਹਾਮਾਨ ਬਾਦਸ਼ਾਹ ਤੋਂ ਮਾਰਦਕਈ ਨੂੰ
ਸੂਲੀ ਤੇ ਚੜਾਓਣ ਲਈ ਇਜਾਜਤ ਲੈਣ
ਆਇਆ ਸੀਂ। ਹੁਣ ਫਾਸੀਂ ਦਾ ਖੰਭਾ
ਸਾਰਾ ਤਿਆਰ ਸੀਂ। ਹੁਣ ਉਹ ਇਤੰਜਾਰ
ਕਰ
ਸਕਦਾ
ਸੀਂ।
ਉਤਸਾਹ
ਨਾਲ, ...

... ਹਾਮਾਨ ਨੇਂ ਆਪਣੀ ਸਲਾਹ ਨੂੰ
ਦੱਸਿਆ। "ਉਸ ਨੂੰ ਰਾਜਾ ਦੇ ਸ਼ਾਹੀ
ਕੱਪੜੇ ਅਤੇ ਤਾਜ ਪੁਆਇਆ ਜਾਵੇ।"
"ਉਸ ਨੂੰ ਬਾਦਸ਼ਾਹ ਦੇ ਘੋੜੇ ਤੇ
ਬੈਠਾਇਆ
ਜਾਵੇ।
ਸ਼ਾਹੀ
ਸਰਦਾਰ
ਨੂੰ ...





... ਆਗਿਆ ਦਿੱਤੀ ਜਾਵੇ ਕੀ ਮਨੁੱਖ ਨੂੰ ਸਾਰੇ ਸ਼ਹਿਰ ਵਿੱਚ ਘੁਮਾਵੇ ਤਾਂ ਜੋ ਸਾਰੇ ਲੋਕ ਵੇਖਣ।” ਬਾਦਸ਼ਾਹ ਨੇ ਹਾਮਾਨ ਨੂੰ ਹੁਕਮ ਦਿੱਤਾ, “ਛੇਤੀ ਕਰ, ਮਾਰਦਕਈ ਜਿਹੜਾ ਯਹੂਦੀ ਹੈ ਉਸ ਨਾਲ ਇਸੇ ਤਰ੍ਹਾਂ ਕਰ।”


ਤੁਸੀਂ ਕਿਸ ਤਰ੍ਹਾਂ ਸੋਚਦੇ ਹੋ
ਹਾਮਾਨ ਨੇਂ ਮਹਿਸੂਸ ਕੀਤਾ
ਹੋਣਾ ਜਦ ਉਸ ਨੇਂ ਮਾਰਦਕਈ ਨੂੰ
ਇੱਜਤ
ਨਾਲ
ਸ਼ਹਿਰ
ਦਾ
ਚੱਕਰ
ਲਗਵਾਇਆ
ਸੀਂ?



ਉਸਨੇ ਮਾਰਦਕਈ ਤੋਂ ਪਹਿਲਾਂ ਨਾਲੋਂ ਜਿਆਦਾ ਨਫਰਤ ਕੀਤੀ। “ਜਰਾ ਰੁਕੋ,” ਸ਼ਾਇਦ ਹਾਮਾਨ ਨੇਂ ਸੋਚਿਆ ਹੋਣਾ। “ਉਹ ਜਲਦ ਹੀ ਸਾਰੇ ਯਹੂਦੀਆਂ ਨਾਲ ਮਰ ਜਾਵੇਗਾ।”

ਉਸ ਦਿਨ ਬਾਅਦ, ਹਾਮਾਨ ਅਤੇ ਬਾਦਸ਼ਾਹ ਰਾਣੀ ਅਸਤਰ ਦੀ ਦਾਵਤ ਤੇ ਪੁੱਜੇ। “ਤੇਰੀ ਕੀ ਬੇਨਤੀ ਹੈ?” ਬਾਦਸ਼ਾਹ ਨੇਂ ਪੁੱਛਿਆ। ਉਸਨੂੰ ਆਪਣਾ ਵਾਇਦਾ ਭੁੱਲਿਆ ਨਹੀਂ ਸੀਂ। ਹਾਮਾਨ ਵੱਲ ਸੰਕੇਤ ਕਰਦੇ ਹੋਏ ਰਾਣੀ ਅਸਤਰ ਨੇਂ ਬਾਦਸ਼ਾਹ ਨੂੰ ਹਾਮਾਨ ਦੀ ਦੁਸ਼ਟ ਯੋਜਨਾ ਦੇ ਬਾਰੇ ਸਭ ਕੁਝ ਦੱਸ ਦਿੱਤਾ। ਬਾਦਸ਼ਾਹ ਨੇਂ ਆਖਿਆ, “ਇਸ ਨੂੰ ਫਾਂਸੀ ਦਿਓ।”



ਤਦ ਬਾਦਸ਼ਾਹ ਨੇਂ ਹੋਰ ਕਾਨੂੰਨ ਜਿਸ ਵਿੱਚ ਯਹੂਦੀਆਂ ਨੂੰ ਆਪਣਾ ਬਚਾਉ ਕਰਨ ਦੀ ਇਜਾਜਤ ਸੀਂ ਪਾਸ ਕੀਤਾ। ਉਹ ਬਚ ਗਏ! ਮਾਰਦਕਈ ਬਾਦਸ਼ਾਹ ਤੋਂ ਬਾਅਦ ਦੂਸਰਾ ਆਗਿਆ ਦੇਣ ਵਾਲਾ ਬਣ ਗਿਆ ਅਤੇ ਸਾਰੇ ਯਹੂਦੀਆਂ ਨੇਂ ...



... ਆਨੰਦ ਮਨਾਇਆ ਅਤੇ ਇੱਕ ਦੂਸਰੇ ਨੂੰ ਉਪਹਾਰ ਦਿੱਤੇ। ਅੱਜ ਤੱਕ, ਯਹੂਦੀ ਲੋਕ ਯਾਦ ਕਰਦੇ ਹਨ ਕੀ ਕਿਸ ਤਰ੍ਹਾਂ ਪਰਮੇਸ਼ਵਰ ਨੇਂ ਸੁੰਦਰ ਰਾਣੀ ਅਸਤਰ ਦੇ ਦੁਆਰਾ ਉਹਨਾਂ ਨੂੰ ਬਚਾਇਆ।



# ਇੱਕ ਸੁੰਦਰ ਰਾਣੀ ਅਸਤਰ

ਇਹ ਕਹਾਣੀ ਪਰਮੇਸ਼ਵਰ ਦਾ ਵਚਨ, ਜੋ ਬਾਈਬਲ ਹੈ

ਇਹ ਪਾਈ ਜਾਂਦੀ ਹੈ

ਅਸਤਰ

ਸ਼ਬਦਾ ਦੇ ਪਰਵੇਸ਼ ਦੁਆਰਾ ਰੋਸ਼ਨੀ ਮਿਲਦੀ ਹੈ।
ਜ਼ਬੂਰਾਂ ਦੀ ਪੋਥੀ 119:130


ਸਮਾਪਤ

ਇਹ ਬਾਈਬਲ ਦੀ ਕਹਾਣੀ ਸਾਨੂੰ ਸਾਡੇ
ਅਨੋਖੇ ਪਰਮੇਸ਼ਵਰ ਦੇ ਬਾਰੇ ਦੱਸਦੀ ਹੈ, ਜਿਸ ਨੇ ਸਾਨੂੰ
ਬਣਾਇਆ ਅਤੇ ਉਹ ਚਾਹੁੰਦਾ ਹੈ ਕਿ ਅਸੀ ਉਸਨੂੰ ਜਾਣੀਏ।

ਪਰਮੇਸ਼ਵਰ ਜਾਣਦਾ ਹੈ ਕਿ ਅਸੀ ਬੁਰੇ ਕੰਮ ਕੀਤੇ ਹਨ। ਜਿਨ੍ਹਾਂ ਨੂੰ ਉਹ
ਪਾਪ ਕਹਿੰਦਾ ਹੈ।ਪਾਪ ਦੀ ਸਜ਼ਾ ਮੌਤ ਹੈ, ਪਰ ਪਰਮੇਸ਼ਵਰ ਤੁਹਾਨੂੰ
ਬਹੁਤ ਪਿਆਰ ਕਰਦਾ ਹੈ।ਇਸ ਲਈ ਉਸਨੇ ਆਪਣੇ ਇਕਲੌਤੇ ਪੁੱਤਰ
ਯਿਸੂ ਨੂੰ ਭੇਜ਼ਿਆਂ, ਕਿ ਸਲੀਬ ਤੇ ਆਪਣੀ ਜਾਨ ਕੁਰਬਾਨ ਕਰੇ ਅਤੇ
ਸਾਡੇ ਗੁਨਾਹਾਂ ਲਈ ਸ਼ਜਾ ਪਾਵੇ।ਤਦ ਯਿਸੂ ਮੁਰਦਿਆਂ ਵਿੱਚੋ ਜੀ ਉਠਿਆਂ
ਅਤੇ ਆਪਣੇ ਸਵਰਗੀ ਘਰ ਨੂੰ ਵਾਪਿਸ ਪਰਤ ਗਿਆ।ਜ਼ੇਕਰ ਤੁਸੀ ਯਿਸੂ
ਉਤੇ ਵਿਸ਼ਵਾਸ਼ ਕਰਕੇ ਆਪਣੇ ਪਾਪਾ ਲਈ ਮੁਆਫੀ ਮੰਗਦੇ ਹੋ ਤਾਂ ਉਹ
ਤੁਹਾਡੇ ਲਈ ਇਹ ਕਰੇਗਾ।ਉਹ ਆਵੇਗਾ ਅਤੇ ਹੁਣ ਤੁਹਾਡੇ ਵਿੱਚ
ਵੱਸੇਗਾ, ਅਤੇ ਤੁਸੀ ਉਸਦੇ ਨਾਲ ਹਮੇਸ਼ਾ ਤੱਕ ਵੱਸੋਗੇ।

ਜ਼ੇਕਰ ਤੁਸੀ ਵਿਸ਼ਵਾਸ਼ ਕਰਦੇ ਹੋ ਕਿ ਇਹ ਸੱਚਾਈ ਹੈ ਤਾਂ ਪਰਮੇਸ਼ਵਰ ਨੂੰ ਇਹ ਆਖੋ ਪਿਆਰੇ ਯਿਸੂ, ਮੈ ਵਿਸ਼ਵਾਸ਼ ਕਰਦਾ ਹਾਂ ਕਿ ਤੁਸੀ ਪਰਮੇਸ਼ਵਰ ਹੋ, ਅਤੇ ਤੁਸੀ ਇਨਸਾਨ ਬਣੇ ਕਿ ਮੇਰੇ ਪਾਪਾਂ ਲਈ ਮਰੋ ਅਤੇ ਹੁਣ ਤੁਸੀ ਜਿੰਦਾ ਹੋ। ਕਿਰਪਾ ਕਰਕੇ ਮੇਰੇ ਜੀਵਨ ਵਿੱਚ ਆਓ ਅਤੇ ਮੇਰੇ ਪਾਪਾਂ ਨੂੰ ਮੁਆਫ਼ ਕਰੋ, ਤਾਂ ਜੋ ਹੁਣ ਮੈ ਨਵਾਂ ਜੀਵਨ ਪਾਵਾਂ, ਅਤੇ ਇੱਕ ਦਿਨ ਤੁਹਾਡੇ ਨਾਲ ਹਮੇਸ਼ਾਂ ਦੇ ਲਈ ਜਾਵਾਂ। ਮੇਰੀ ਮਦਦ ਕਰੋ ਕਿ ਮੈ ਤੁਹਾਡੀ ਆਗਿਆ ਨੂੰ ਮੰਨਾ ਅਤੇ ਤੁਹਾਡੇ ਲਈ ਜੀਵਾਂ, ਤੁਹਾਡਾ ਬੱਚਾ ਬਣ ਕੇ ਆਮੀਨ।

ਪਰਮੇਸ਼ਵਰ ਦੇ ਵਚਨ ਨੂੰ ਪੜੋ ਅਤੇ ਰੋਜ਼ਾਨਾਂ ਉਸਦੇ ਨਾਲ ਗੱਲਬਾਤ ਕਰੋ। ਯਹੂੰਨਾ ਦੀ ਇੰਜ਼ੀਲ 3:16